ਤਹ ਹਮ ਅਧਿਕ ਤਪਸਿਆ ਸਾਧੀ

ਗੁਰਚਰਨਜੀਤ ਸਿੰਘ ਲਾਂਬਾ
ਫੋਨ:+1 973 583 1971
santsipahi@gmail.com

(ਛਪ ਰਹੀ ਪੁਸਤਕ ਸ੍ਰੀ ਦਸਮ ਗੋਸਟਿ ਵਿਚੋਂ)

ਕਲਗੀਧਰ ਪਿਤਾ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਆਪਣੇ ਪੂਰਬਲੇ ਜਨਮ ਦਾ ਵਰਣਨ ਅਤੇ ਇਸ ਮਾਤ ਲੋਕ ਵਿਚ ਜਨਮ ਲੈਣ ਦਾ ਮਕਸਦ ਆਪਣੀ ਕਲਮ ਨਾਲ 'ਅਪਨੀ ਕਥਾ' ਵਿਚ ਬਿਆਨ ਕਰਦੇ ਹਨ। ਗੁਰਮਤਿ ਪੁਨਰ-ਜਨਮ ਅਤੇ ਇਸ ਤਰ੍ਹਾਂ ਪੂਰਬਲੇ ਜਨਮਾਂ ਦੀ ਨਿਰੰਤਰਾ ਦੇ ਬੁਨਿਆਦੀ ਸਿਧਾਂਤ ਨੂੰ ਪ੍ਰਵਾਨ ਕਰਦੀ ਹੈ। ਅਬ ਮੈ ਅਪਨੀ ਕਥਾ ਬਖਾਨੋ ॥ ਤਪ ਸਾਧਤ ਜਿਹ ਬਿਧਿ ਮੁਹਿ ਆਨੋ ॥
ਹੇਮ ਕੁੰਟ ਪਰਬਤ ਹੈ ਜਹਾਂ ॥ ਸਪਤ ਸ੍ਰਿੰਗ ਸੋਭਿਤ ਹੈ ਤਹਾਂ ॥੧॥
ਸਪਤਸ੍ਰਿੰਗ ਤਿਹ ਨਾਮੁ ਕਹਾਵਾ ॥ ਪੰਡੁ ਰਾਜ ਜਹ ਜੋਗੁ ਕਮਾਵਾ ॥
ਤਹ ਹਮ ਅਧਿਕ ਤਪਸਿਆ ਸਾਧੀ ॥ ਮਹਾਕਾਲ ਕਾਲਕਾ ਅਰਾਧੀ ॥੨॥

ਇਸ ਚੌਪਈ ਵਿਚ ਸਤਿਗੁਰੂ ਜੀ ਨੇ ਦੱਸਿਆ ਕਿ ਹੇਮ ਕੁੰਟ ਪਰਬਤ ਦੇ ਸਥਾਨ 'ਤੇ ਮੈਂ ਅਧਿਕ ਤਪਸਿਆ ਕੀਤੀ। ਇਸ ਵਿਚ ਕਾਲ ਕੇ ਮਹਾਕਾਲ ਦੀ ਅਰਾਧਨਾ ਕੀਤੀ। ਮਹਾਕਾਲ ਸਤਿਗੁਰੂ ਜੀ ਨੇ ਕਈ ਥਾਵੇਂ ਵਾਹਿਗੁਰੂ ਲਈ ਵਰਤਿਆ ਹੈ। ਸਤਿਗੁਰੂ ਜੀ ਦਸਦੇ ਹਨ ਕਿ ਇਸ ਸਾਧੀ ਹੋਈ ਅਧਿਕ ਤਪਸਿਆ ਦਾ ਫਲ ਪ੍ਰਾਪਤ ਹੋਇਆ, ਇਹ ਬਿਧਿ ਕਰਤ ਤਪਸਿਆ ਭਯੋ ॥ ਦਵੈ ਤੇ ਏਕ ਰੂਪ ਹਵੈ ਗਯੋ ॥

ਕੀ ਤਪਸਿਆ ਕਰਨੀ ਗੁਰਮਤਿ ਸਿਧਾਂਤ ਦੇ ਅਨਰੂਪ ਹੈ ? ਹਰ ਸਿੱਖ ਨਿਤਾਪ੍ਰਤਿ ਅਰਦਾਸ ਵਿਚ ਹਠੀਆਂ, ਜਪੀਆਂ ਅਤੇ ਤਪੀਆਂ ਦੀ ਕਮਾਈ ਦਾ ਧਿਆਨ ਧਰ ਕੇ ਜੈਕਾਰ ਕਰਦਾ ਹੈ। ਅਰਦਾਸ ਦੇ ਇਹ ਬੋਲ ਸਿੱਖੀ ਭਾਵਨਾ ਦੀ ਤਰਜਮਾਨੀ ਕਰਦੇ ਹਨ,

ਪੰਜਾਂ ਪਿਆਰਿਆਂ, ਚੌਹਾਂ ਸਾਹਿਬਜ਼ਾਦਿਆਂ, ਚਾਲ੍ਹੀਆਂ ਮੁਕਤਿਆਂ, ਹਠੀਆਂ, ਜਪੀਆਂ, ਤਪੀਆਂ, ਜਿਹਨਾਂ ਨਾਮ ਜਪਿਆ, ਵੰਡ ਛਕਿਆ, ਦੇਗ ਚਲਾਈ, ਤੇਗ ਵਾਹੀ, ਦੇਖ ਕੇ ਅਣਡਿੱਠ ਕੀਤਾ, ਤਿਨ੍ਹਾਂ ਪਿਆਰਿਆਂ, ਸਚਿਆਰਿਆਂ ਦੀ ਕਮਾਈ ਦਾ ਧਿਆਨ ਧਰ ਕੇ, ਖਾਲਸਾ ਜੀ ! ਬੋਲੋ ਜੀ ਵਾਹਿਗੁਰੂ !

ਕੀਰਤਨ, ਪੂਜਾ, ਅਰਾਧਨਾ, ਸਿਮਰਨ, ਜਪ ਤਪ ਆਦਿ ਪੌਰਾਣਕ ਕਾਲ ਵਿਚ ਕੀਤਾ ਜਾਂਦਾ ਸੀ। ਪਰ ਇੱਥੇ ਆਰਾਧਯ ਯਾ ਨਿਰੰਕਾਰ ਦੀ ਪੂਜਾ ਨਹੀਂ ਸੀ ਕੀਤੀ ਜਾ ਰਹੀ ਬਲਿਕ ਦੇਵੀ, ਦੇਵਤਿਆਂ, ਅਵਤਾਰਾਂ ਆਦਿ ਦੀ ਕੀਤੀ ਜਾ ਰਹੀ ਸੀ। ਕਰਤੇ ਨੂੰ ਛਡ ਕਿਰਤਮ ਦੀ ਪੂਜਾ ਕੀਤੀ ਜਾ ਰਹੀ ਸੀ। ਸਤਿਗੁਰੂ ਜੀ ਨੇ ਸ਼ਬਦਾਵਲੀ ਤਾਂ ਇਹੀ ਪੁਰਾਤਨ ਵਰਤੀ ਹੈ ਪਰ ਇੱਥੇ ਆਰਾਧਯ ਕੇਵਲ ਅਤੇ ਕੇਵਲ ਨਿਰੰਕਾਰ ਜਾਂ ਅਕਾਲ ਪੁਰਖ ਨਿਸਚਤ ਕਰ ਦਿੱਤਾ। ਪੂਜਾ ਅਰਚਨਾ ਦੇ ਆਯਾਮ ਨੂੰ ਬਦਲ ਕੇ ਕਿਰਤਮ ਦੀ ਬਜਾਇ ਕਰਤਾਰ ਦੀ ਅਰਾਧਨਾ ਨਿਸਚਤ ਕਰ ਦਿੱਤੀ। ਦੁਬਿਧਾ ਨ ਪੜਉ ਹਰਿ ਬਿਨੁ ਹੋਰੁ ਨ ਪੂਜਉ ਮੜੈ ਮਸਾਣਿ ਨ ਜਾਈ ॥(ਮ:੧੬੩੫)। ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਨੇ ਵੀ ਸੰਸਾਰ ਸਾਗਰ ਤੋਂ ਤਰਨ ਲਈ ਜਪ ਤਪ ਲਾਜ਼ਮੀ ਕਰਾਰ ਦਿੱਤਾ। ਜਪ ਤਪ ਕਾ ਬੰਧੁ ਬੇੜੁਲਾ ਜਿਤੁ ਲੰਘਹਿ ਵਹੇਲਾ ॥ ਨਾ ਸਰਵਰੁ ਨਾ ਊਛਲੈ ਐਸਾ ਪੰਥ ਸੁਹੇਲਾ ॥(ਮ:੧ ੭੨੯)। ਜਪੁ ਤਪੁ ਗੁਰਮਤਿ ਦਾ ਬੁਨਿਆਦੀ ਅਤੇ ਅਹਿਮ ਅੰਗ ਹੈ। ਜਪੁ ਤਪੁ ਹੀਣ ਮਾਨਸ ਲਈ ਗੁਰੂ ਅਰਜਨ ਦੇਵ ਜੀ ਜੋਦੜੀ ਕਰਦੇ ਹਨ,

ਜਪੁ ਤਪੁ ਸੰਜਮੁ ਧਰਮੁ ਨਾ ਕਮਾਇਆ ॥ ਸੇਵਾ ਸਾਧ ਨ ਜਾਨਿਆ ਹਰਿ ਰਾਇਆ ॥

ਕਹੁ ਨਾਨਕ ਹਮ ਨੀਚ ਕਰੰਮਾ ॥ ਸਰਣਿ ਪਰਿ ਕੀ ਰਾਖਹੁ ਸਰਮਾ ॥੨॥੪॥(ਮ:੫ ੧੨)

ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਵਲੋਂ ਕੀਤੀ ਤਪਸਿਆ ਦਾ ਹਵਾਲਾ ਭਾਈ ਗੁਰਦਾਸ ਜੀ ਦਿੰਦੇ ਹਨ, ਭਾਰੀ ਕਰੀ ਤਪਸਿਆ ਵਡੇ ਭਾਗੁ ਹਰਿ ਸਿਉ ਬਣਿ ਆਈ ॥ ਬਾਬਾ ਪੈਧਾ ਸਚਖੰਡਿ ਨਉ ਨਿਧਿ ਨਾਮੁ ਗਰੀਬੀ ਪਾਈ ॥(ਵਾਰ ੧ ਪਉੜੀ ੨੪)। ਗੁਰੂ ਨਾਨਕ ਦੇਵ ਜੀ ਵਲੋਂ ਕੀਤੀ ਭਾਰੀ ਤਪਸਿਆ ਅਤੇ ਗੁਰੂ ਗੋਬਿੰਦ ਸਿੰਘ ਜੀ ਵਲੋਂ ਕੀਤੀ ਅਧਿਕ ਤਪਸਿਆ ਵਿਚ ਕੀ ਅੰਤਰ ਹੈ ? ਇਹ ਗੁਰਮਤਿ ਦੇ ਰਹੱਸਵਾਦ ਦਾ ਇਕ ਸਿਖਰ ਦਾ ਹਵਾਲਾ ਹੈ ਜਦੋਂ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਬਚਨ ਕਰਦੇ ਹਨ, ਢਾਢੀ ਸਚੈ ਮਹਲਿ ਖਸਮਿ ਬੁਲਾਇਆ ॥ ਸਚੀ ਸਿਫਤਿ ਸਾਲਾਹ ਕਪੜਾ ਪਾਇਆ ॥(ਮ:੧ ੧੫੦)।

ਦੂਸਰਾ ਨੁਕਤਾ ਸਤਿਗੁਰੂ ਜੀ ਦੇ ਤਪ ਸਥਾਨ ਸ੍ਰੀ ਹੇਮਕੁੰਟ ਦਾ। ਹਿਮਾਲਾ ਜਾਂ ਪਹਾੜਾਂ ਵਿਚ ਕਈ ਥਾਵੇਂ ਸੱਤ ਚੋਟੀਆਂ ਮੌਜੂਦ ਹਨ। ਰੋਮ ਵੀ ਸੱਤ ਪਹਾੜੀ ਚੋਟੀਆਂ ਦੇ ਵਿਚਕਾਰ ਵੱਸਿਆ ਹੈ। ਜਿਹਨਾਂ ਸੱਤ ਚੋਟੀਆਂ ਦੀ ਪਛਾਣ ਕਰ ਕੇ ਗੁਰਦੁਆਰਾ ਸ੍ਰੀ ਹੇਮ ਕੁੰਟ ਸਾਹਿਬ ਦੀ ਸਥਾਪਨਾ ਪਿਛਲੀ ਸਦੀ ਵਿਚ ਕੀਤੀ ਗਈ ਹੈ ਉਸ ਬਾਰੇ ਤਾਂ ਕੋਈ ਰਾਏ ਦੇ ਸਕਦਾ ਹੈ। ਪਰ ਸਤਿਗੁਰੂ ਜੀ ਵਲੋਂ ਵਰਣਤ ਤਪ ਸਥਾਨ 'ਸ੍ਰੀ ਹੇਮ ਕੁੰਟ' ਬਾਰੇ ਕੋਈ ਵਿਵਾਦ ਨਹੀਂ ਹੋ ਸਕਦਾ।

ਅਣਗਿਣਤ ਹਵਾਲੇ ਹਨ ਗੁਰਬਾਣੀ ਵਿਚ ਗੁਰੂ ਸਾਹਿਬਾਨ ਅਤੇ ਭਗਤ ਜਨਾਂ ਦੇ ਕਰਤਾ ਪੁਰਖ ਨਾਲ ਪ੍ਰਤੱਖ ਮੁਲਾਕਾਤਾਂ ਦੇ। ਕੀ ਉਹਨਾਂ ਸਥਾਨਾਂ ਨੂੰ ਦੁਨੀਆ ਦੇ ਨਕਸ਼ੇ 'ਤੇ ਲੱਭਣ ਦੀ ਕੋਸ਼ਿਸ਼ ਕੀਤੀ ਜਾਏਗੀ ? ਮਸ਼ਹੂਰ ਸ਼ਾਇਰ ਅਕਬਰ ਅਲ੍ਹਾਬਾਦੀ ਨੇ ਇਸ 'ਤੇ ਤਨਜ਼ ਕੀਤਾ ਹੈ, ਕਯੋਂ ਕਰ ਖ਼ੁਦਾ ਕੇ ਅਰਸ਼ ਕੇ ਕਾਯਲ ਹੋਂ ਯੇਹ ਅਜ਼ੀਜ਼ ?

ਜੁਗਰਾਫੀਆ ਮੇਂ ਅਰਸ਼ ਕਾ ਨਕਸ਼ਾ ਨਹੀਂ ਮਿਲਾ ॥

Chola — ਚੋਲਾਮੰਡਲਮ ਨਿਵੇਸ਼ ਅਤੇ ਵਿੱਤ ਕੰਪਨੀ ਲਿਮਟਿਡ

Enter a better life

ਕਾਰਪੋਰੇਟ ਦਫ਼ਤਰ: ਚੋਲਾ ਕਰੈਸਟ, ਸੀ54 ਅਤੇ 55, ਸੁਪਰ ਬੀ-4, ਥਿਰੂ ਵੀ ਕਾ ਇੰਡਸਟਰੀਅਲ ਅਸਟੇਟ, ਗਿੰਡੀ, ਚੇਨਈ- 600 032, ਟੀ. ਐਨ.

ਈ-ਨਿਲਾਮੀ ਵਿਕਰੀ ਸੂਚਨਾ (ਸਿਰਫ਼ ਈ-ਬੋਲੀ ਰਾਹੀਂ ਵਿਕਰੀ)

ਸੁਰੱਖਿਆ ਹਿੱਤ (ਲਾਗੂਕਰਨ) ਨਿਯਮ 2002 ਦੇ ਨਿਯਮ 8(6) ਅਤੇ 9(1) ਦੇ ਤਹਿਤ ਜਾਰੀ ਕੀਤੀ ਗਈ ਅਚੱਲ ਸੁਰੱਖਿਅਤ ਸੰਪਤੀਆਂ ਦੀ ਵਿਕਰੀ ਨੋਟਿਸ। ਇਸ ਦੁਆਰਾ ਆਮ ਜਨਤਾ ਨੂੰ ਅਤੇ ਖਾਸ ਤੌਰ 'ਤੇ ਕਾਲਮ (1) ਵਿੱਚ ਦਰਸਾਏ ਗਏ ਕਰਜ਼ਦਾਰ (†) ਅਤੇ ਜ਼ਾਮਨ (†) ਨੂੰ ਨੋਟਿਸ ਦਿੱਤਾ ਜਾਂਦਾ ਹੈ ਕਿ ਹੇਠਾਂ ਦੱਸੀ ਗਈ ਅਚੱਲ ਜਾਇਦਾਦ(†) ਕਾਲਮ (3) ਵਿੱਚ ਦਰਸਾਏ ਗਏ ਹਨ। ਸੁਰੱਖਿਅਤ ਲੈਣਦਾਰ ਨੂੰ ਗਿਰਵੀ ਰੱਖੀ ਗਈ/ਵਸੂਲੀ ਗਈ ਹੈ, ਜਿਸਦਾ ਕਬਜ਼ਾ ਕਾਲਮ (4) ਵਿੱਚ ਦਰਸਾਏ ਅਨੁਸਾਰ ਹਾਊਸਿੰਗ ਚੋਲਾਮੰਡਲਮ ਨਿਵੇਸ਼ ਅਤੇ ਵਿੱਤ ਕੰਪਨੀ ਲਿਮਟਿਡ ਦੇ ਅਧਿਕਾਰਤ ਅਧਿਕਾਰੀ ਦੁਆਰਾ ਲਿਆ ਗਿਆ ਹੈ, ਸੁਰੱਖਿਅਤ ਲੈਣਦਾਰ ਨੂੰ "ਜਿਵੇਂ ਹੈ ਜਿੱਥੇ ਹੈ", "ਜਿਵੇਂ ਹੈ ਜੋ ਹੈ" ਅਤੇ "ਜੋ ਕੁਝ ਹੈ" 'ਤੇ ਵੇਚਿਆ ਜਾਵੇਗਾ। ਹੇਠਾਂ ਦੱਸੇ ਗਏ ਵੇਰਵਿਆਂ ਅਨੁਸਾਰ: - ਇਸ ਦੁਆਰਾ ਕਰਜ਼ਦਾਰ/ਗਿਰਵੀਕਾਰ(†) ਨੂੰ ਨੋਟਿਸ ਦਿੱਤਾ ਜਾਂਦਾ ਹੈ / ਕਾਨੂੰਨੀ ਵਾਰਸ, ਕਾਨੂੰਨੀ ਪ੍ਰਤੀਨਿਧੀ (ਜਾਣਿਆ ਜਾਂ ਅਣਜਾਣ), ਕਾਰਜਕਾਰੀ (ਜਾਣਿਆ ਜਾਂ ਅਣਜਾਣ), ਪ੍ਰਬੰਧਕ (†), ਉੱਤਰਾਧਿਕਾਰੀ (†) ਅਤੇ ਸਬੰਧਤ ਕਰਜ਼ਦਾਰ(†)/ਗਿਰਵੀਕਾਰ (†) (ਮ੍ਰਿਤਕ ਹੋਣ ਤੋਂ ਬਾਅਦ) ਦੇ ਨਿਯੁਕਤ (†) ਜਿਵੇਂ ਕਿ ਕੇਸ ਸੁਰੱਖਿਆ ਹਿੱਤ (ਲਾਗੂਕਰਨ) ਨਿਯਮ 2002 ਦੇ ਕਾਲਮ (ੲੇ) ਅਧੀਨ 8(6) ਵਿੱਚ ਦਰਸਾਏ ਗਏ ਹਨ। ਵਿਕਰੀ ਦੇ ਵਿਸਤ੍ਰਿਤ ਨਿਯਮਾਂ ਅਤੇ ਸ਼ਰਤਾਂ ਲਈ, ਕਿਰਪਾ ਕਰਕੇ ਚੋਲਾਮੰਡਲਮ ਨਿਵੇਸ਼ ਅਤੇ ਵਿੱਤ ਕੰਪਨੀ ਲਿਮਟਿਡ ਸੁਰੱਖਿਅਤ ਕਰਜ਼ਦਾਰ ਦੀ ਵੈਬਸਾਈਟ ਭਾਵ https://www. cholamandalam.com ਅਤੇ www.auctionfocus.in ਵਿੱਚ ਦਿੱਤੇ ਗਏ ਲਿੰਕ ਨੂੰ ਵੇਖੋ।

ਲ. ਨੰ.	[A] ਕਰਜ਼ਾ ਖਾਤਾ ਨੰਬਰ/ ਕਰਜ਼ਦਾਰ (†) / ਗਿਰਵੀਕਾਰ (†) / ਜ਼ਾਮਨ (†) ਦੇ ਨਾਮ	[B] O/S. ਵਸੂਲ ਕੀਤੇ ਜਾਣ ਵਾਲੇ ਬਕਾਏ (ਸੁਰੱਖਿਅਤ ਕਰਜ਼ੇ)	[C] ਅਚੱਲ ਜਾਇਦਾਦ/ਸੁਰੱਖਿਅਤ ਸੰਪਤੀ ਦਾ ਵੇਰਵਾ	[D] ਕਬਜ਼ੇ ਦੀ ਕਿਸਮ	[E & F] ਰਾਖਵੀਂ ਕੀਮਤ (ਰੁਪਏ ਵਿੱਚ) / ਨਿਲਾਮੀ ਦੀ ਮਿਤੀ ਅਤੇ ਸਮਾਂ	[G] ਨਿਲਾਮੀ ਦੀ ਮਿਤੀ ਅਤੇ ਸਮਾਂ
1	Loan A/c. No(s). : HL30JAL000122604 1. ਸ੍ਰੀ/ਸ੍ਰੀਮਤੀ ਜਤਿੰਦਰ ਕੁਮਾਰ 2. ਸ੍ਰੀ/ਸ੍ਰੀਮਤੀ ਮਧੂ ਬਾਲਾ ਲੜੀ ਨੰਬਰ 1 ਅਤੇ 2 ਲਈ ਪਤਾ: ਮਕਾਨ ਨੰਬਰ-307, ਮੁਹੱਲਾ ਅਰਫਵਾਲਾ, ਕਪੂਰਥਲਾ, ਪੰਜਾਬ 144601, ਗੁਰਦੁਆਰਾ, ਕਪੂਰਥਲਾ, ਪੰਜਾਬ 144601 ਲੜੀ ਨੰਬਰ 1 ਅਤੇ 2 ਲਈ ਪਤਾ: ਬੀ-ਐਕਸਐਕਸਐਕਸਵੀ-20/ੲ, ਮੁਹੱਲਾ ਰਾਕਾ, ਵਾਰਡ ਨੰ 14, ਰਾਏਕਾ ਮੁਹੱਲਾ, ਬੁੱਕਰ ਖਾਨਾ ਨੇੜੇ, ਜ਼ਿਲ੍ਹਾ ਕਪੂਰਥਲਾ।144602, ਕਪੂਰਥਲਾ, ਕਪੂਰਥਲਾ, ਕਪੂਰਥਲਾ, ਪੰਜਾਬ, 144602.	Rs. 20,19,959/- (ਵੀਹ ਲੱਖ ਉਨੀ ਹਜ਼ਾਰ ਨੌ ਸੌ ਉਨਾਹਠ ਰੁਪਏ ਕੇਵਲ 31-03-2026 ਨੂੰ)	4 ਮਰਲੇ ਮਾਪ ਵਾਲੀ ਜਾਇਦਾਦ/ਮਕਾਨ (ਸਾਰਾ ਭਾਗ ਅਤੇ ਹਿੱਸਾ) ਜਿਸਦਾ ਜਾਇਦਾਦ ਨੰਬਰ ਬੀ-XXXV-20/1 ਹੈ, ਜੋ ਕਿ ਮੁਹੱਲਾ ਰਾਕੀਆ ਕਪੂਰਥਲਾ ਵਿਖੇ ਸਥਿਤ ਹੈ ਅਤੇ ਹੱਦਬੰਦੀ ਪੂਰਬ: ਗੁਰਦੁਆਰਾ ਸਾਹਿਬ, ਪੱਛਮ: ਰਸਤਾ, ਉੱਤਰ: ਰਸਤਾ, ਦੱਖਣ: ਹੋਰ ਮਾਲਕ।	ਨਿਯਮਤ ਅਧੀਨ ਕਬਜ਼ਾ	Rs. 15,50,453/- (ਪੰਦਰਾਂ ਲੱਖ ਪੰਜਾਹ ਹਜ਼ਾਰ ਚਾਰ ਸੌ ਤਰਵੰਜਾ ਰੁਪਏ ਕੇਵਲ) Rs. 1,55,045.3/- (ਇੱਕ ਲੱਖ ਪਚਵੰਜਾ ਹਜ਼ਾਰ ਪੌਣਾਲੀ ਰੁਪਏ ਅਤੇ ਤਿੰਨ ਪੈਸੇ ਕੇਵਲ)	14-08-2026 14-08-2026 ਦੁਪਹਿਰ 02.00 ਵਜੇ ਤੋਂ 04.00 ਵਜੇ ਤੱਕ (ਟੈਂਡਰ ਦਸਤਾਵੇਜ਼ ਦੇ ਅਨੁਸਾਰ 5 ਮਿੰਟ ਦੇ ਸਵੈਚਾਲਿਤ ਐਕਸਟੈਂਸ਼ਨ ਦੇ ਨਾਲ),
	ਨਿਰੀਖਣ ਮਿਤੀ ਅਤੇ ਸਮਾਂ: 12.08.2026 ਸਵੇਰੇ 11.00 ਵਜੇ ਤੋਂ ਸ਼ਾਮ 4.00 ਵਜੇ ਦੇ ਵਿਚਕਾਰ।		ਘੱਟੋ-ਘੱਟ ਬੋਲੀ ਵਾਧਾ ਰਕਮ: 10,000/- ਰੁਪਏ			
	ਭਾਗੀਦਾਰੀ ਲਈ ਬੋਲੀ/EMD/ਬੋਨਤੀ ਪੱਤਰ ਜਮ੍ਹਾਂ ਕਰਨ ਦੀ ਆਖਰੀ ਮਿਤੀ: 13.08.2026 ਸ਼ਾਮ 05.00 ਵਜੇ ਤੋਂ ਪਹਿਲਾਂ					

*ਭੁਗਤਾਨ ਅਤੇ/ਜਾਂ ਇਸਦੀ ਪ੍ਰਾਪਤੀ ਦੀ ਮਿਤੀ ਤੱਕ ਹੋਏ ਕਰਜ਼ੇ ਦੇ ਸਮਝੌਤੇ, ਇਤਫਾਕੀਆ ਖਰਚੇ, ਲਾਗਤਾਂ, ਖਰਚਿਆਂ ਆਦਿ ਦੇ ਰੂਪ ਵਿੱਚ ਲਾਗੂ ਹੋਣ ਵਾਲੇ ਹੋਰ ਵਿਆਜ ਦੇ ਨਾਲ। ਜਾਇਦਾਦ ਦੇ ਨਿਰੀਖਣ ਨਾਲ ਸਬੰਧਤ ਕਿਸੇ ਵੀ ਸਹਾਇਤਾ ਲਈ, ਜਾਂ ਬੋਲੀ ਦਸਤਾਵੇਜ਼ ਪ੍ਰਾਪਤ ਕਰਨ ਲਈ ਅਤੇ ਕਿਸੇ ਵੀ ਹੋਰ ਪੁੱਛਗਿੱਛ ਲਈ, ਕਿਰਪਾ ਕਰਕੇ 1. ਗੌਤਮ ਪਠਾਨੀਆ, ਮੋਬਾਈਲ ਨੰਬਰ 8146799601 ਅਤੇ ਈ-ਮੇਲ: gautamps@chola.murugappa.com, 2. ਧੀਰਜ ਕੁਮਾਰ, ਮੋਬਾਈਲ ਨੰਬਰ 9872221024 ਅਤੇ ਈ-ਮੇਲ: dheerajkumarvp@chola.murugappa.com, CHOLAMANDALAM INVESTMENT & FINANCE COMPANY LIMITED ਦੇ ਅਧਿਕਾਰੀ ਨਾਲ ਸੰਪਰਕ ਕਰੋ। CHOLAMANDALAM INVESTMENT & FINANCE COMPANY LIMITED ਦੇ ਅਧਿਕਾਰਤ ਅਧਿਕਾਰੀ ਦੀ ਪੂਰੀ ਜਾਣਕਾਰੀ ਅਤੇ ਜਾਣਕਾਰੀ ਅਨੁਸਾਰ ਉਪਰੋਕਤ ਅਚੱਲ ਜਾਇਦਾਦਾਂ / ਸੁਰੱਖਿਅਤ ਸੰਪਤੀਆਂ ਦੇ ਸੰਬੰਧ ਵਿੱਚ ਕੋਈ ਬੋਝ ਨਹੀਂ ਹੈ।

ਮਿਤੀ: 09.07.2026
ਸਥਾਨ: ਕਪੂਰਥਲਾ, ਪੰਜਾਬ

ਅਧਿਕਾਰਤ ਅਧਿਕਾਰੀ,
ਚੋਲਾਮੰਡਲਮ ਨਿਵੇਸ਼ ਅਤੇ ਵਿੱਤ ਕੰਪਨੀ ਲਿਮਟਿਡ ਲਈ

ਬੈਂਕ ਆਫ ਬੜੌਦਾ — Bank of Baroda

ਆਰਓ ਲੁਧਿਆਣਾ, ਪਤਾ : ਬੀ 20-3369, ਤੀਜੀ ਮੰਜ਼ਿਲ, ਸੰਧੂ ਟਾਵਰ 2, ਗੁਰਦੇਵ ਨਗਰ, ਫਿਰੋਜ਼ਪੁਰ ਰੋਡ, ਲੁਧਿਆਣਾ (141001)
Contact No. 0161-5127233, Email ID: sarlud@bankofbaroda.bank.in

ਈ-ਨਿਲਾਮੀ ਵਿਕਰੀ ਸੂਚਨਾ

ਅਚੱਲ/ਚੱਲ ਸੰਪੱਤੀਆਂ ਦੀ ਵਿਕਰੀ ਦੇ ਲਈ ਵਿਕਰੀ ਸੂਚਨਾ
"ਅੰਤਿਕਾ-4-ੲੇ [ਨਿਯਮ 6 (2) ਅਤੇ 8 (6) ਦੀ ਵਿਵਸਥਾ ਦੇਖੋ]

ਸੁਰੱਖਿਆ ਵਿਆਜ (ਲਾਗੂਕਰਨ) ਨਿਯਮਾਂਵਲੀ, 2002 ਦੇ ਨਿਯਮ 6 (2) ਅਤੇ 8 (6) ਦੀ ਵਿਵਸਥਾ ਨਾਲ ਪੜ੍ਹੇ ਜਾਣ ਵਾਲੇ ਵਿੱਤੀ ਸੰਪੱਤੀਆਂ ਦੇ ਸੁਰੱਖਿਅਣ ਅਤੇ ਪੁਨਰ ਉਸਾਰੀ ਅਤੇ ਸੁਰੱਖਿਆ ਵਿਆਜ ਦਾ ਲਾਗੂਕਰਨ ਕਾਨੂੰਨ, 2002 ਦੇ ਅਧੀਨ ਅਚੱਲ/ਚੱਲ ਸੰਪੱਤੀਆਂ ਦੀ ਵਿਕਰੀ ਦੇ ਲਈ ਈ-ਨਿਲਾਮੀ ਵਿਕਰੀ ਸੂਚਨਾ।

ਜਨਤਾ ਨੂੰ ਆਮ ਕਰਕੇ ਅਤੇ ਕਰਜ਼ਦਾਰ (†), ਗਿਰਵੀਕਾਰ (†) ਅਤੇ ਜ਼ਾਮਨ (†) ਨੂੰ ਵਿਸ਼ੇਸ਼ ਕਰਕੇ ਇਥੇ ਸੂਚਨਾ ਦਿੱਤੀ ਜਾਂਦੀ ਹੈ ਕਿ ਸੁਰੱਖਿਅਤ ਕਰਜ਼ਦਾਤਾ ਕੋਲ ਗਿਰਵੀ/ਬੰਦੀ ਨਿਮਨ ਦਰਸਾਈ ਅਚੱਲ ਸੰਪੱਤੀ, ਜਿਸ ਦਾ ਕਬਜ਼ਾ **ਬੈਂਕ ਆਫ ਬੜੌਦਾ, ਸੁਰੱਖਿਅਤ ਕਰਜ਼ਦਾਤਾ ਦੇ ਅਧਿਕਾਰਤ ਅਧਿਕਾਰੀ** ਵੱਲੋਂ ਲਿਆ ਗਿਆ ਹੈ, ਦੀ ਵਿਕਰੀ ਨਿਮਨ ਖਾਤੇ/ਖਾਤਿਆਂ ਵਿਚ ਦਰਸਾਏ ਬਕਾਇਆਂ ਦੀ ਵਸੂਲੀ ਦੇ ਲਈ **"ਜਿਵੇਂ ਹੈ ਜਿਥੇ ਹੈ", "ਜਿਵੇਂ ਹੈ, ਜੋ ਹੈ"** ਅਤੇ **"ਜੋ ਵੀ ਉਥੇ ਹੈ"** ਆਧਾਰ 'ਤੇ ਕੀਤੀ ਜਾਵੇਗੀ। ਕਰਜ਼ਦਾਰ (†)/ਗਿਰਵੀਕਾਰ (†)/ਜ਼ਾਮਨ(†)/ਸੁਰੱਖਿਅਤ ਸੰਪੱਤੀ/ਬਕਾਏ/ਰਾਖਵੀਂ ਕੀਮਤ/ਈ-ਨਿਲਾਮੀ ਦੀ ਮਿਤੀ ਅਤੇ ਸਮਾਂ, ਬਿਆਨਾ ਰਕਮ ਅਤੇ ਬੋਲੀ ਵਾਧਾ ਰਕਮ ਦੇ ਵੇਰਵੇ ਨਿਮਨ ਦਰਸਾਏ ਹਨ :-

ਬਿਆਨਾ ਰਕਮ ਜਮ੍ਹਾਂ ਕਰਨ ਦੀ ਆਖ਼ਰੀ ਮਿਤੀ : 30.07.2026 ਨੂੰ ਸ਼ਾਮ 05.00 ਵਜੇ ਤੱਕ	ਈ-ਨਿਲਾਮੀ ਦੇ ਸ਼ੁਰੂ ਹੋਣ ਦੀ ਮਿਤੀ ਅਤੇ ਸਮਾਂ 31.07.2026 ਨੂੰ ਬਾ. ਦੁ. 02.00 ਵਜੇ ਤੋਂ ਸ਼ਾਮ 06.00 ਵਜੇ ਤੱਕ	ਐਮਡੀ ਦੇ ਭੁਗਤਾਨ ਦੀ ਵਿਧੀ ਆਰਟੀਜੀਐਸ/ਐਨਈਐਫਟੀ

ਲ. ਨੰ.	ਕਰਜ਼ਦਾਰ (†), ਜ਼ਾਮਨ (†) ਅਤੇ ਗਿਰਵੀਕਾਰ(†) ਦਾ ਨਾਮ ਅਤੇ ਪਤਾ	ਗੈਰ ਜਾਣੂੰ ਦੇਣਦਾਰੀਆਂ, ਜੇਕਰ ਕੋਈ ਹਨ, ਸਮੇਤ ਅਚੱਲ ਸੰਪੱਤੀ ਦੇ ਵਿਸਥਾਰਤ ਵੇਰਵੇ	ਕੁੱਲ ਬਕਾਏ, ਵਿਆਜ ਅਤੇ ਹੋਰ ਫੀਸਾਂ ਤੋਂ ਬਿਨਾਂ / ਸਰਫਾਇਸੀ ਦੇ ਅਧੀਨ ਕਬਜ਼ੇ ਦੀ ਸਥਿਤੀ	ਰਾਖਵੀਂ ਕੀਮਤ / ਬਿਆਨਾ ਰਕਮ / ਬੋਲੀ ਵਾਧਾ ਰਕਮ	ਸੰਪੱਤੀ ਦੀ ਜਾਂਚ ਦੀ ਮਿਤੀ ਅਤੇ ਸਮਾਂ	ਸ਼ਾਖਾ ਪ੍ਰਬੰਧਕ ਅਤੇ ਅਧਿਕਾਰਤ ਅਧਿਕਾਰੀ
01.	ਆਰਓ : ਆਰਓਐਸਏਆਰਬੀ, ਲੁਧਿਆਣਾ ਮੈਸ. ਮਾਧਵ ਇੰਟਰਨੈਸ਼ਨਲ ਆਪਣੇ ਮਾਲਕ ਸ਼੍ਰੀਮਤੀ ਕਵਿਤਾ ਗੁਪਤਾ ਪਤਾ ਐਫ-30 ਮਾਧਵ ਇੰਟਰਨੈਸ਼ਨਲ, ਫੋਕਲ ਪੁਆਇੰਟ ਨੇੜੇ ਕਿਊਟ ਪ੍ਰੋਡਕਟਸ, ਫੋਕਲ ਪੁਆਇੰਟ, ਲੁਧਿਆਣਾ 141014	ਸ਼੍ਰੀਮਤੀ ਕਵਿਤਾ ਗੁਪਤਾ ਪਤਨੀ ਮੁਕੇਸ਼ ਗੁਪ